# ਭਗਤ ਨਾਮਦੇਵ - ਸਬਦ ੧੦

## ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥

ਰਾਗੁ ਸੋਰਠਿ, ਭਗਤ ਨਾਮਦੇਉ, ਗੁਰੂ ਗ੍ਰੰਥ ਸਾਹਿਬ, ੬੫੭

ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥
ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥
ਰੀ ਬਾਈ ਬੇਢੀ ਦੇਨੁ ਨ ਜਾਈ ॥
ਦੇਖੁ ਬੇਢੀ ਰਹਿਓ ਸਮਾਈ ॥
ਹਮਾਰੈ ਬੇਢੀ ਪ੍ਰਾਨ ਅਧਾਰਾ ॥1॥ ਰਹਾਉ ॥
ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥
ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥
ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥
ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥
ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥
ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥

ਸਾਰ: ਇਕ ਸਾਧਕ ਦੀ ਜਗਿਆਸਾ ਸੱਚਾਈ ਅਤੇ ਆਤਮ-ਬੋਧ ਦੀ ਭਾਲ, ਮਨ ਅਤੇ ਦੇਹੀ ਦੀਆਂ ਹੱਦ-ਬੰਦੀਆਂ ਤੋਂ ਪਾਰ, ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੁੰਦੀ ਹੈ। ਧੁਰ ਅੰਦਰੋਂ ਉਠੀ ਤਾਂਘ, ਮੰਗਵੀਆਂ ਆਸਾਂ ਤੋਂ ਕਿਧਰੇ ਸਿਰਮੌਰ ਹੁੰਦੀ ਹੈ ਜੋ ਸਾਨੂੰ ਸਮਾਜਿਕ, ਧਾਰਮਿਕ ਅਤੇ ਪਰਿਵਾਰਕ ਰੰਗਤਾਂ ਦੀ ਪਾਨ ਤੋਂ ਮੁਕਤ ਕਰਨ ਵਾਲੀ ਯਾਤਰਾ ਦਾ ਰਾਹੀ ਬਣਾਉਂਦੀ ਹੈ। ਇਸ ਰੂਹਾਨੀ ਸਫ਼ਰ ਵਿਚ ਜੋ ਬਚਦਾ ਹੈ ਉਹ ਵਿਰਾਸਤ ਵਿਚ ਮਿਲੇ ਵਿਸ਼ਵਾਸਾਂ ਦੀ ਬਜਾਏ, ਅਨੁਭਵੀ ਭਾਲ ਦਾ ਪਾਵਨ ਰੂਪ ਹੋ ਜਾਂਦਾ ਹੈ। ਫਿਰ ਵੀ, ਸੱਚ ਦੀ ਇਹ ਭਾਲ ਉਦੋਂ ਤੱਕ ਸੂਖਮਤਾ ਦਾ ਅਹਿਸਾਸ ਕਰਵਾ ਸਕਦੀ ਹੈ ਜਦੋਂ ਤੱਕ ਸਾਡੇ ਅੰਦਰ ਪਿਆਰ ਦਾ ਝਰਨਾ ਨਹੀਂ ਫੁੱਟਦਾ, ਜੋ ਸਾਨੂੰ ਕੁਦਰਤ ਦੀ ਸੰਪੂਰਨਤਾ ਦਾ ਅਨੁਭਵ ਕਰਨ ਦੀ ਆਗਿਆ ਦਿੰਦਾ ਹੈ। ਇਸ ਸਪੱਸ਼ਟਤਾ ਰਾਹੀਂ, ਗਿਆਨ ਬਿਬੇਕ ਦਾ ਰੂਪ ਹੋ ਜਾਂਦਾ ਹੈ, ਵੰਡੀਆਂ, ਏਕਤਾ ਅੱਗੇ ਝੁਕ ਜਾਂਦੀਆਂ ਹਨ, ਅਤੇ ਬਹੁਲਤਾ ਇਕ ਦਾ ਰੂਪ ਹੋ ਜਾਂਦੀ ਹੈ।

ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥

ਗੁਆਂਢੀ ਨਾਮਦੇਵ ਨੂੰ ਪੁੱਛਦਾ ਹੈ ਕਿ ਉਸਦੇ ਘਰ ਦੀ ਛੱਤ ਕਿਸਨੇ ਬਣਾਈ ਸੀ; ਇਹ ਸਵਾਲ ਦ੍ਰਿਸ਼ਟਾਂਤਿਕ ਤੌਰ 'ਤੇ ਉਸ ਸਾਧਕ ਨੂੰ ਦਰਸਾਉਂਦਾ ਹੈ ਜੋ ਜੀਵਨ ਵਿਚ ਸਥਿਰਤਾ ਅਤੇ ਅਧਾਰ ਪ੍ਰਾਪਤੀ ਲਈ ਗੁਣਾਂ ਦੀ ਭਾਲ ਕਰ ਰਿਹਾ ਹੈ।

ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥

ਮੈਂ ਦੁੱਗਣੀ ਮਜ਼ਦੂਰੀ ਦੇਵਾਂਗਾ, ਮੈਨੂੰ ਦੱਸੋ ਕਿ ਤੁਹਾਡਾ ਤਰਖਾਣ ਕੌਣ ਹੈ। ਇਹ ਬੇਨਤੀ ਸਾਧਕ ਦੀ ਜਾਗਰੂਕਤਾ ਰੂਪੀ ਤਾਂਘ ਨੂੰ ਦਰਸਾਉਂਦੀ ਹੈ। (੧)

ਰੀ ਬਾਈ ਬੇਢੀ ਦੇਨੁ ਨ ਜਾਈ ॥

ਹੇ ਸਾਥੀ, ਇਹ ਤਰਖਾਣ ਕਿਸੇ ਨੂੰ ਨਹੀਂ ਦਿੱਤਾ ਜਾ ਸਕਦਾ; ਇਹ ਭਾਵ ਦਰਸਾਉਂਦਾ ਹੈ ਕਿ ਕੋਈ ਦੈਵੀਤਵ ਦਾ ਅਨੁਭਵ ਤਾਂ ਕਰ ਸਕਦਾ ਹੈ ਪਰ ਇਸਨੂੰ ਵਰਣਨ ਨਹੀਂ ਕਰ ਸਕਦਾ।

ਦੇਖੁ ਬੇਢੀ ਰਹਿਓ ਸਮਾਈ ॥

ਹਰ ਥਾਂ ਵਿਆਪਕ ਉਸ ਤਰਖਾਣ ਨੂੰ ਵੇਖੋ; ਇਹ ਕਥਨ ਸਾਰੀ ਸ੍ਰਿਸ਼ਟੀ ਵਿਚ ਵੱਸਦੀ ਸਰਵ ਵਿਆਪਕ ਊਰਜਾ ਦੀ ਏਕਤਾ ਨੂੰ ਦਰਸਾਉਂਦਾ ਹੈ।

ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥

ਸਾਡਾ ਤਰਖਾਣ, ਜੀਵਨ ਸ਼ਕਤੀ, ਸਾਡਾ ਸਹਾਰਾ ਹੈ; ਇਹ ਭਾਵ ਦਰਸਾਉਂਦਾ ਹੈ ਕਿ ਸਰਬ ਵਿਆਪਕ ਊਰਜਾ ਸਾਰੀ ਹੋਂਦ ਦਾ ਸੋਮਾ ਹੈ। (੧)(ਠਹਿਰਾਉ)

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥

ਤਰਖਾਣ ਜੋ ਘਰ ਬਣਾਉਣਾ ਚਾਹੁੰਦੇ ਹਨ, ਉਨ੍ਹਾਂ ਤੋਂ ਮਜ਼ਦੂਰੀ ਵਜੋਂ ਪਿਆਰ ਭਾਲਦਾ ਹੈ; ਇਹ ਭਾਵ ਯਾਦ ਦਿਵਾਉਂਦਾ ਹੈ ਕਿ ਦਇਆ ਦੈਵੀਤਵ ਦੀ ਭਾਲ ਲਈ ਪਹਿਲੀ ਪਉੜੀ ਹੈ।

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥

ਜਦੋਂ ਸਾਰੇ ਸਮਾਜਿਕ ਅਤੇ ਪਰਿਵਾਰਕ ਮੋਹ ਤੋਂ ਨਿਰਲੇਪ ਹੋ ਜਾਣਗੇ, ਤਾਂ ਤੁਹਾਡਾ ਤਰਖਾਣ ਨਜ਼ਰੀ ਆਵੇਗਾ। ਇਹ ਭਾਵ ਸੁਝਾਅ ਦਿੰਦਾ ਹੈ ਕਿ ਜਦੋਂ ਕੋਈ ਵਿਅਕਤੀ ਰੰਗਤ ਦੀ ਪਾਨ ਤੋਂ ਮੁਕਤ ਹੁੰਦਾ ਹੈ ਤਾਂ ਆਤਮਿਕ-ਅਨੁਭਵ ਦਾ ਉਭਾਰ ਹੁੰਦਾ ਹੈ। (੨)

ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥

ਅਜਿਹੇ ਤਰਖਾਣ ਦਾ ਵਰਣਨ ਨਹੀਂ ਕੀਤਾ ਜਾ ਸਕਦਾ; ਇਸ ਦਾ ਵਾਸਾ ਹਰ ਵਸਤ ਅਤੇ ਹਰ ਥਾਂ ਵਿਚ ਹੈ। ਇਹ ਨਿਰੀਖਣ ਇਕ ਓਅੰਕਾਰ ਰੂਪੀ ਦਰਸ਼ਨ ਦੀ ਪੁਸ਼ਟੀ ਕਰਦਾ ਹੈ।

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥

ਜਿਵੇਂ ਕੋਈ ਗੂੰਗਾ ਅੰਮ੍ਰਿਤਮਈ ਰਸ ਦਾ ਸਵਾਦ ਚੱਖ ਕੇ ਵੀ, ਪੁੱਛਣ ’ਤੇ ਉਸ ਦੀ ਮਿਠਾਸ ਬਿਆਨ ਨਹੀਂ ਕਰ ਸਕਦਾ। (੩)

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥

ਹੇ ਸਾਥੀ! ਉਸ ਤਰਖਾਣ ਦੇ ਗੁਣ ਸੁਣ; ਉਸ ਨੇ ਸਮੁੰਦਰਾਂ ਦੇ ਕਿਨਾਰੇ ਬੰਨ੍ਹੇ ਹਨ ਅਤੇ ਧ੍ਰੂਵ ਤਾਰੇ ਨੂੰ ਅਡੋਲ ਥਾਪਿਆ ਹੈ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਸਰਬ-ਵਿਆਪਕ ਸ਼ਕਤੀ ਸ੍ਰਿਸ਼ਟੀ ਦੇ ਹਰ ਕਰਮ ਵਿਚ ਰਮੀ ਹੋਈ ਹੈ।

ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥

ਨਾਮਦੇਵ ਕਹਿੰਦੇ ਹਨ ਕਿ ਮੇਰਾ ਮਾਲਕ ਉਹੀ ਸਤਾ ਹੈ ਜਿਸ ਨੇ ਸੀਤਾ ਨੂੰ ਵਾਪਸ ਲਿਆਂਦਾ ਅਤੇ ਲੰਕਾ ਵਿਭੀਸ਼ਣ ਨੂੰ ਸੌਂਪ ਦਿੱਤੀ। ਇਹ ਭਾਵ ਇਸ ਤੱਥ ਦਾ ਸੰਕੇਤ ਕਰਦਾ ਹੈ ਕਿ ਧਰਮ ਅਤੇ ਨੇਕੀ ਹੀ ਸਿਰਮੌਰ ਗੁਣ ਹਨ। (੪)(੨)

ਤੱਤ: ਭਗਤ ਨਾਮਦੇਵ ਨਿਮਰਤਾ ਪੂਰਵਕ ਕਹਿੰਦੇ ਹਨ ਕਿ ਜਾਗਰੂਕਤਾ ਇਕ ਅਜਿਹਾ ਅਨੁਭਵ ਹੈ ਜਿਸਨੂੰ ਕੋਈ ਖਰੀਦ ਜਾਂ ਉਧਾਰ ਨਹੀਂ ਲੈ ਸਕਦਾ। ਇਹ ਤਾਂ ਕਿਸੇ ਦੀ ਜੀਵਨ ਸਤਾ ਦੇ ਮੂਲ ਤੋਂ ਪੈਦਾ ਹੁੰਦੀ ਹੈ। ਵਿਸ਼ਵਵਿਆਪੀ ਚੇਤਨਾ ਨੂੰ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ, ਪਰ ਇਸਨੂੰ ਸ਼ਬਦਾਂ ਵਿਚ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਸਦੀਵੀ ਤੌਰ 'ਤੇ ਹਾਜ਼ਰ ਹੈ ਅਤੇ ਇਸ ਦਾ ਅਨੁਭਵ ਹਰ ਉਹ ਜੀਵ ਕਰ ਸਕਦਾ ਹੈ ਜਿਹੜਾ ਪਿਆਰ ਅਤੇ ਸੱਚਾਈ ਨਾਲ ਜੀਵਨ ਜੀਉਣ ਦੀ ਚੋਣ ਕਰਦਾ ਹੈ। ਇਹ ਜਾਗਰੂਕਤਾ ਇਕ ਅਜਿਹਾ ਸੰਬੰਧ ਸਿਰਜਨ ਨੂੰ ਉਤਸ਼ਾਹਿਤ ਕਰਦੀ ਹੈ ਜੋ ਵਿਸ਼ਵਾਸਾਂ ਤੋਂ ਪਾਰ, ਪ੍ਰਮਾਣਿਕਤਾ ਕੇਂਦਰਿਤ ਜੀਵਨ ਸ਼ੈਲੀ ਦਾ ਅਧਾਰ ਬਣਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**